PUNJABI

ਨਿਊਯਾਰਕ ਸਿਟੀ ਦੇ ਮੇਅਰ ਦਾ ਪ੍ਰਵਾਸੀਆਂ ਦੇ ਮਾਮਲਿਆਂ ਲਈ ਦਫ਼ਤਰ

"ਪਬਲਿਕ ਚਾਰਜ" ਬਾਰੇ ਜਾਣਕਾਰੀ ਅਤੇ ਆਪਣੀ ਅਵਾਜ਼ ਕਿਵੇਂ ਬੁਲੰਦ ਕਰਨੀ ਹੈ

ਸੋਧਿਆ ਗਿਆ ਨਵੰਬਰ 22, 2018

"ਪਬਲਿਕ ਚਾਰਜ" ਕੀ ਹੈ ਅਤੇ ਟਰੰਪ ਪ੍ਰਸ਼ਾਸਨ ਕੀ ਤਜਵੀਜ਼ ਕਰ ਰਿਹਾ ਹੈ?

ਟਰੰਪ ਪ੍ਰਸ਼ਾਸਨ ਨੇ "ਪਬਲਿਕ ਚਾਰਜ" ਦੀ ਪਰਿਭਾਸ਼ਾ ਦਾ ਦਾਇਰਾ ਵਿਸ਼ਾਲ ਕਰਨ ਦੀ ਤਜਵੀਜ਼ ਰੱਖੀ ਹੈ ਤਾਂ ਜੋ ਕੁਝ ਪ੍ਰਵਾਸੀਆਂ ਲਈ ਗ੍ਰੀਨ ਕਾਰਡ ਅਤੇ ਕੁਝ ਕਿਸਮ ਦੇ ਵੀਜ਼ੇ ਪ੍ਰਾਪਤ ਕਰਨ ਦੀ ਕਿਰਿਆ ਨੂੰ ਵਧੇਰੇ ਮੁਸ਼ਕਿਲ ਬਣਾਇਆ ਜਾ ਸਕੇ ਜੇ ਉਹ ਕੁਝ ਸਰਕਾਰੀ ਲਾਭਾਂ ਦਾ ਇਸਤੇਮਾਲ ਕਰਦੇ ਹਨ ਜਾਂ ਭਵਿੱਖ ਵਿੱਚ ਇਸਤੇਮਾਲ ਕਰਨ ਦੀ ਸੰਭਾਵਨਾ ਹੈ। **ਇਹ ਸਿਰਫ਼ ਇੱਕ ਤਜਵੀਜ਼ ਹੈ, ਕੁਝ ਵੀ ਬਦਲਿਆ ਨਹੀਂ ਹੈ**, ਅਤੇ ਕਿਸੇ ਵੀ ਤਬਦੀਲੀ ਦੇ ਲਾਗੂ ਹੋਣ ਵਿੱਚ ਮਹੀਨੇ ਲੱਗ ਸਕਦੇ ਹਨ।

ਭਾਵੇਂ ਇਹ ਤਜਵੀਜ਼ ਕੀਤੀ ਨੀਤੀ ਲਾਗੂ ਹੋ ਵੀ ਜਾਵੇ, **ਪਰ ਇਹ ਅਤੀਤੀ ਸਮੇਂ ਤੋਂ ਲਾਗੂ ਨਹੀਂ ਹੋਵੇਗੀ।** ਇਸਦਾ ਮਤਲਬ ਹੈ ਕਿ ਨੀਤੀ ਲਾਗੂ ਹੋਣ ਤੋਂ ਪਹਿਲਾਂ ਕੀਤੀ ਜਨਤਕ ਲਾਭਾਂ ਦੀ ਕੋਈ ਵੀ ਵਰਤੋਂ, ਤੁਹਾਡੇ ਵਿਰੁੱਧ ਵਰਤੀ ਨਹੀਂ ਜਾ ਸਕਦੀ ਅਤੇ ਨਾ ਹੀ ਵਰਤੀ ਜਾਵੇਗੀ, ਸਿਰਫ਼ ਅਤੇ ਸਿਰਫ਼ ਇੱਕਮਾਤਰ ਨਕਦ ਸਹਾਇਤਾ ਜਾਂ ਸਰਕਾਰੀ ਖਰਚੇ 'ਤੇ ਲੰਬੇ ਸਮੇਂ ਦੀ ਸੰਸਥਾਗਤ ਦੇਖਭਾਲ ਨੂੰ ਛੱਡਕੇ। **ਇਹ ਤਜਵੀਜ਼ ਜਨਤਕ ਲਾਭਾਂ ਲਈ ਤੁਹਾਡੀ ਯੋਗਤਾ ਨੂੰ ਨਹੀਂ ਬਦਲਦੀ।**

ਜੇ ਤੁਹਾਡੇ ਇਸ ਬਾਰੇ ਪ੍ਰਸ਼ਨ ਹੋਣ ਕਿ ਇਹ ਤਜਵੀਜ਼ ਤੁਹਾਡੇ ਉੱਤੇ ਕਿਵੇਂ ਅਸਰ ਪਾ ਸਕਦੀ ਹੈ ਤਾਂ **ਮੁਫ਼ਤ, ਭਰੋਸੇਯੋਗ ਕਾਨੂੰਨੀ ਸਲਾਹਕਾਰ ਦੀ ਸਲਾਹ ਲਓ।** ਕੈਥੋਲਿਕ ਚੈਰਿਟੀਆਂ ਦੁਆਰਾ ਚਲਾਈ ਜਾਣ ਵਾਈ ਨਿਊ ਅਮੈਰਿਕਨਸ ਹੌਟਲਾਈਨ ਨੂੰ **1-800-566-7636** 'ਤੇ, ਕਾਲ ਕਰੋ। ਇੱਕ ਮੁਫ਼ਤ, ਭਰੋਸੇਯੋਗ ਪ੍ਰਵਾਸ (ਇਮੀਗ੍ਰੇਸ਼ਨ) ਸੰਬੰਧੀ ਕਾਨੂੰਨੀ ਸੇਵਾਵਾਂ ਪ੍ਰਦਾਨਕ ਨਾਲ ਮੁਲਾਕਾਤ ਦਾ ਸਮਾਂ ਨਿਰਧਾਰਤ ਕਰਨ ਲਈ, **1-800-354-0365** 'ਤੇ ActionNYC ਨੂੰ ਕਾਲ ਕਰੋ।

ਟਰੰਪ ਪ੍ਰਸ਼ਾਸਨ ਵੱਲੋਂ ਤਜਵੀਜ਼ ਕੀਤੀ "ਪਬਲਿਕ ਚਾਰਜ" ਨੀਤੀ ਬਾਰੇ **10 ਦਸੰਬਰ, 2018 ਤੱਕ ਟਿੱਪਣੀ ਪੇਸ਼ ਕਰਕੇ ਆਪਣੀ ਆਵਾਜ਼ ਬੁਲੰਦ ਕਰੋ।** ਸਾਰੇ ਨਿਊਯਾਰਕ ਵਾਸੀ, ਚਾਹੇ ਉਹਨਾਂ ਦੀ ਪ੍ਰਵਾਸੀ (ਇਮੀਗਰੇਸ਼ਨ) ਸਥਿਤੀ (status) ਕੋਈ ਵੀ ਹੋਵੇ, ਆਪਣੀ ਟਿੱਪਣੀ www.nyc.gov/publiccharge 'ਤੇ ਦੇ ਸਕਦੇ ਹਨ। ਮਹੱਤਵਪੂਰਨ ਨਵੀਂ ਜਾਣਕਾਰੀ ਅਤੇ ਸ਼ਾਮਲ ਹੋਣ ਦੇ ਤਰੀਕੇ ਜਾਣਨ ਲਈ ਇਸ ਵੈੱਬਸਾਈਟ ਨੂੰ ਲਗਾਤਾਰ ਦੇਖਦੇ ਰਹੋ।

ਇਹ ਜਾਣਕਾਰੀ ਆਮ ਵਿੱਦਿਅਕ ਉਦੇਸ਼ਾਂ ਲਈ ਹੈ ਅਤੇ ਇਹ ਕਾਨੂੰਨੀ ਸਲਾਹ ਨਹੀਂ ਹੈ।

ਅਕਸਰ ਪੁੱਛੇ ਜਾਣ ਵਾਲੇ ਸਵਾਲ

ਸੋਧਿਆ ਗਿਆ 22 ਨਵੰਬਰ, 2018

ਟਰੰਪ ਪ੍ਰਸ਼ਾਸਨ "ਪਬਲਿਕ ਚਾਰਜ" ਨੂੰ ਕਿਵੇਂ ਬਦਲਣ ਦੀ ਤਜਵੀਜ਼ ਕਰ ਰਿਹਾ ਹੈ?

- ਤਜਵੀਜ਼ ਕੀਤੀ ਨਿਯਮ ਤਬਦੀਲੀ ਗਰੀਨ ਕਾਰਡਾਂ ਦੇ ਬਿਨੈਕਾਰਾਂ ਅਤੇ ਕੁਝ ਵੀਜ਼ਾ ਬਿਨੈਕਾਰਾਂ ਲਈ ਜ਼ਿਆਦਾ ਮੁਸ਼ਕਲ ਖੜ੍ਹੀ ਕਰ ਸਕਦੀ ਹੈ ਜੇਕਰ ਉਹ ਕੁਝ ਖਾਸ ਸਰਕਾਰੀ ਲਾਭ ਪ੍ਰਾਪਤ ਕਰ ਰਹੇ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ ਮੈਡਿਕਏਡ (ਕੁਝ ਅਪਵਾਦਾਂ ਜਿਵੇਂ ਕਿ ਐਮਰਜੈਂਸੀ ਮੈਡਿਕਏਡ ਨੂੰ ਛੱਡ ਕੇ); ਪੂਰਕ ਪੋਸ਼ਣ ਸਹਾਇਤਾ ਪ੍ਰੋਗਰਾਮ (SNAP); ਮੈਡੀਕੇਅਰ ਭਾਗ-ਡੀ (Part D) ਦੇ ਅਧੀਨ ਤਜਵੀਜ਼ਸ਼ੁਦਾ ਦਵਾਈਆਂ ਲਈ ਘੱਟ ਆਮਦਨ ਸਬਸਿਡੀ; ਸੈਕਸ਼ਨ 8; ਅਤੇ ਜਨਤਕ ਬਸੇਰਾ।
- ਟਰੰਪ ਪ੍ਰਸ਼ਾਸਨ ਬਿਨੈਕਾਰ ਦੀ ਉਮਰ, ਸਿੱਖਿਆ, ਰੁਜ਼ਗਾਰ ਦਾ ਇਤਿਹਾਸ, ਆਮਦਨੀ, ਬੱਚਤ, ਸੰਪਤੀ, ਸਿਹਤ ਦੀਆਂ ਸਥਿਤੀਆਂ ਅਤੇ ਹੋਰ ਕਾਰਕਾਂ ਨੂੰ ਵਧੇਰੇ ਬਰੀਕੀ ਨਾਲ ਘੋਖਣ ਦੀ ਵੀ ਤਜਵੀਜ਼ ਪੇਸ਼ ਕਰ ਰਿਹਾ ਹੈ।

ਕੀ ਤਜਵੀਜ਼ ਕੀਤੀ "ਪਬਲਿਕ ਚਾਰਜ" ਨੀਤੀ ਸਾਰੇ ਪ੍ਰਵਾਸੀਆਂ 'ਤੇ ਲਾਗੂ ਹੁੰਦੀ ਹੈ?

- ਨਹੀਂ। "ਪਬਲਿਕ ਚਾਰਜ " ਪ੍ਰਵਾਸ ਵਾਸਤੇ ਸਿਰਫ਼ ਕੁਝ ਕਿਸਮ ਦੀਆਂ ਅਰਜ਼ੀਆਂ 'ਤੇ ਹੀ ਲਾਗੂ ਹੁੰਦੀ ਹੈ, ਜਿਵੇਂ ਕਿ ਗਰੀਨ ਕਾਰਡ ਜਾਂ ਕੁਝ ਖਾਸ ਕਿਸਮ ਦੇ ਵੀਜ਼ੇ।
- ਨਾਗਰਿਕਤਾ ਵਾਸਤੇ ਬਿਨੈਕਾਰਾਂ ਜਾਂ ਗਰੀਨ ਕਾਰਡ ਨਵਿਆਉਣ (ਰੀਨਿਊ) ਕਰਨ ਲਈ ਕੋਈ "ਪਬਲਿਕ ਚਾਰਜ" ਟੈਸਟ ਨਹੀਂ ਹੈ।
- ਸ਼ਰਨਾਰਥੀਆਂ, ਸ਼ਰਣ ਮੰਗਣ ਵਾਲਿਆਂ, ਯੂ ਜਾਂ ਟੀ (U or T) ਵੀਜ਼ਾ ਬਿਨੈਕਾਰਾਂ, VAWA ਸਵੈ-ਪਟੀਸ਼ਨਰਾਂ, ਖਾਸ ਨਾਬਾਲਗ ਪ੍ਰਵਾਸੀਆਂ (Special Immigrant Juveniles), ਅਸਥਾਈ ਸੁਰੱਖਿਅਤ ਸਥਿਤੀ (Temporary Protected Status) ਅਤੇ ਹੋਰ ਸਥਿਤੀਆਂ ਜੋ ਇੱਥੇ ਸੂਚੀਬੱਧ ਨਹੀਂ ਹਨ, ਲਈ ਵੀ ਕੋਈ "ਪਬਲਿਕ ਚਾਰਜ" ਟੈਸਟ ਨਹੀਂ ਹੈ। ਇਹ ਟਰੰਪ ਪ੍ਰਸ਼ਾਸਨ ਦੀ ਤਜਵੀਜ਼ ਤਹਿਤ ਨਹੀਂ ਬਦਲੇਗਾ।

ਮੈਂ ਜਨਤਕ ਲਾਭਾਂ ਲਈ ਯੋਗ ਨਹੀਂ ਹਾਂ ਪਰ ਮੇਰੇ ਘਰ ਵਿੱਚ ਬੱਚੇ ਜਾਂ ਪਰਿਵਾਰ ਦੇ ਮੈਂਬਰ ਹਨ ਜੋ ਜਨਤਕ ਲਾਭਾਂ ਦਾ ਇਸਤੇਮਾਲ ਕਰਦੇ ਹਨ। ਕੀ ਇਹ ਮੇਰੀ ਪ੍ਰਵਾਸ (ਇਮੀਗ੍ਰੇਸ਼ਨ) ਸੰਬੰਧੀ ਅਰਜ਼ੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ?

- ਤਜਵੀਜ਼ ਕੀਤੀ "ਪਬਲਿਕ ਚਾਰਜ" ਨੀਤੀ ਦੇ ਤਹਿਤ, ਪ੍ਰਵਾਸੀ ਦੇ ਬੱਚਿਆਂ ਜਾਂ ਪਰਿਵਾਰ ਜਾਂ ਪਰਿਵਾਰ ਦੇ ਮੈਂਬਰਾਂ ਦੁਆਰਾ ਵਰਤੇ ਜਾਂਦੇ ਜਨਤਕ ਲਾਭਾਂ ਜਾਂ ਪ੍ਰੋਗਰਾਮਾਂ ਨੂੰ ਪ੍ਰਵਾਸੀ ਦੀ ਪ੍ਰਵਾਸ (ਇਮੀਗ੍ਰੇਸ਼ਨ) ਵਾਸਤੇ ਅਰਜ਼ੀ ਵਿੱਚ ਉਸਦੇ ਖਿਲਾਫ਼ ਨਹੀਂ ਵਰਤਿਆ ਜਾ ਸਕਦਾ।

ਮੈਂ ਕੁਝ ਜਨਤਕ ਲਾਭਾਂ ਦੀ ਵਰਤੋਂ ਕਰਦਾ/ਦੀ ਹਾਂ। ਕੀ ਮੈਨੂੰ ਆਪਣੇ ਕੇਸ ਨੂੰ ਵਾਪਸ ਲੈਣਾ ਚਾਹੀਦਾ ਹੈ, ਹਟਵਾ ਦੇਣਾ ਚਾਹੀਦਾ ਹੈ, ਜਾਂ ਬੰਦ ਕਰ ਦੇਣਾ ਚਾਹੀਦਾ ਹੈ?

- ਇਸ ਤਜਵੀਜ਼ ਦੇ ਮੱਦੇਨਜ਼ਰ ਲਾਭਾਂ ਵਿੱਚ ਕੋਈ ਵੀ ਤਬਦੀਲੀ ਕਰਨ ਜਾਂ ਲਾਭ ਲੈਣਾ ਬੰਦ ਕਰਨ ਤੋਂ ਪਹਿਲਾਂ ਤੁਹਾਨੂੰ ਇੱਕ ਮੁਫ਼ਤ, ਭਰੋਸੇਯੋਗ ਕਨੂੰਨੀ ਸਲਾਹਕਾਰ ਨਾਲ ਸਲਾਹ ਮਸ਼ਵਰਾ ਕਰਨਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ 1-800-566-7636 'ਤੇ ਜਾਂ ਮੁਲਾਕਾਤ ਤੈਅ ਕਰਨ ਲਈ 1-800-354-0365 'ਤੇ ਕਾਲ ਕਰੋ।
- ਇਹ ਤਜਵੀਜ਼ ਜਨਤਕ ਲਾਭਾਂ ਦੇ ਪ੍ਰੋਗਰਾਮਾਂ ਲਈ ਯੋਗਤਾ ਲੋੜਾਂ ਨੂੰ ਨਹੀਂ ਬਦਲੇਗਾ।
- ਤਜਵੀਜ਼ ਕੀਤੀ ਨੀਤੀ ਨਾਲ ਚਾਹੇ ਜੋ ਵੀ ਵਾਪਰੇ, NYC ਸਿਹਤ + ਹਸਪਤਾਲ (NYC Health + Hospitals), ਸ਼ਹਿਰ ਦੀ ਜਨਤਕ ਹਸਪਤਾਲ ਪ੍ਰਣਾਲੀ ਤੁਹਾਨੂੰ ਦੇਖਭਾਲ ਪ੍ਰਦਾਨ ਕਰੇਗੀ, ਚਾਹੇ ਤੁਹਾਡੀ ਆਮਦਨ ਕਿੰਨੀ ਵੀ ਹੋਵੇ, ਭਾਵੇਂ ਤੁਹਾਡੇ ਕੋਲ ਸਿਹਤ ਬੀਮਾ ਹੈ ਜਾਂ ਨਹੀਂ, ਚਾਹੇ ਤੁਹਾਡੀ ਪ੍ਰਵਾਸੀ ਸਥਿਤੀ (immigration status) ਜੋ ਵੀ ਹੋਵੇ।

ਮੈਂ ਵਿਦੇਸ਼ ਵਿਚ ਰਹਿ ਰਹੇ ਇੱਕ ਪਰਿਵਾਰਕ ਮੈਂਬਰ ਨੂੰ ਸਪੌਂਸਰ ਕਰ ਰਿਹਾ/ਰਹੀ ਹਾਂ। ਕੀ ਜਨਤਕ ਲਾਭਾਂ ਦੀ ਮੇਰੇ ਵੱਲੋਂ ਕੀਤੀ ਵਰਤੋਂ ਦਾ ਉਹਨਾਂ ਦੀ ਗ੍ਰੀਨ ਕਾਰਡ ਜਾਂ ਵੀਜ਼ਾ ਪ੍ਰਾਪਤ ਕਰਨ ਦੀ ਯੋਗਤਾ 'ਤੇ ਪ੍ਰਭਾਵ ਪਵੇਗਾ?

- ਜੇ ਤੁਸੀਂ ਵਿਦੇਸ਼ ਰਹਿ ਰਹੇ ਕਿਸੇ ਪਰਿਵਾਰਕ ਮੈਂਬਰ ਨੂੰ ਸਪੌਂਸਰ ਕਰ ਰਹੇ ਹੋ, ਤਾਂ ਇਹ ਪਤਾ ਕਰਨ ਲਈ ਕਿ ਕੀ "ਪਬਲਿਕ ਚਾਰਜ" ਟੈਸਟ ਵਿੱਚ ਕੋਈ ਅਜਿਹੇ ਬਦਲਾਅ ਹਨ ਜੋ ਅਰਜ਼ੀ ਨੂੰ ਪ੍ਰਭਾਵਿਤ ਕਰ ਸਕਦੇ ਹਨ, ਤੁਹਾਨੂੰ ਉਪਰੋਕਤ ਨੰਬਰ ਨੂੰ ਕਾਲ ਕਰਕੇ ਇੱਕ ਮੁਫਤ, ਭਰੋਸੇਯੋਗ ਕਨੂੰਨੀ ਸਲਾਹਕਾਰ ਨਾਲ ਸਲਾਹ ਮਸ਼ਵਰਾ ਕਰਨਾ ਚਾਹੀਦਾ ਹੈ।